ਅਜੰਡਾ ਆਈਟਮ 28.01
(ਤਾਲਮੇਲ ਸ਼ਾਖਾ)

ਵਿਸ਼ਾ : ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ ਬਜਟ ਅਤੇ ਸਕਰੂਟਨੀ ਕਮੇਟੀ ਦੀ 27ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ ਬਜਟ ਅਤੇ ਸਕਰੂਟਨੀ ਕਮੇਟੀ ਦੀ ਮਿਤੀ 31.03.2021 ਨੂੰ ਹੋਈ 27ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਸਬੰਧੀ ਕਾਰਵਾਈ (ਪ੍ਰੋਸੀਡਿੰਗ) ਪੱਤਰ ਨੰ: ਪੁੱਡਾ - ਤਾਲਮੇਲ ਸ਼ਾਖਾ -ਸ-5/2022/7159-7164 ਮਿਤੀ 04-04-2021 (ਅਨੁਲੱਗ -ਓ) ਰਾਹੀਂ ਕਮੇਟੀ ਦੇ ਮੈਂਬਰ ਸਾਹਿਬਾਨਾਂ ਨੂੰ ਸੂਚਨਾ ਹਿੱਤ ਜਾਰੀ ਕਰ ਦਿੱਤੀ ਗਈ ਸੀ ।

ਉਪਰੋਕਤ ਅਨੁਸਾਰ ਵਿਸ਼ੇ ਸਬੰਧੀ ਮੀਟਿੰਗ ਦੀ ਕਾਰਵਾਈ ਹੁਣ ਤੱਕ ਬਜਟ ਅਤੇ ਸਕਰੂਟਨੀ ਕਮੇਟੀ ਦੇ ਕਿਸੇ ਵੀ ਮੈਂਬਰ ਸਾਹਿਬਾਨ ਜੀ ਵੱਲੋਂ ਇਤਰਾਜ/ ਸੋਧ ਕਰਨ ਸਬੰਧੀ ਕੋਈ ਤਜਵੀਜ/ ਸੁਝਾਓ ਦਰਜ ਨਹੀਂ ਕੀਤਾ ਗਿਆ ਹੈ। ਇਸ ਅਨੁਸਾਰ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ ਬਜਟ ਅਤੇ ਸਕਰੂਟਨੀ ਕਮੇਟੀ ਦੀ 27ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਹਿੱਤ ਪੇਸ਼ ਹੈ ਜੀ ।

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ

ਐਸ.ਏ.ਐਸ ਨਗਰ

ਸੇਵਾ ਵਿਖੇ

1. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ, ਪੰਜਾਬ ਸਿਵਲ ਸਕੱਤਰੇਤ-1,
ਚੰਡੀਗੜ੍ਹ
2. ਮੁੱਖ ਪ੍ਰਸ਼ਾਸਕ,
ਗਮਾਡਾ, ਐਸ.ਏ.ਐਸ. ਨਗਰ
3. ਵਧੀਕ ਮੁੱਖ ਪ੍ਰਸ਼ਾਸਕ (ਵਿੱਤ ਤੇ ਲੇਖਾ)-ਸਪੈਸ਼ਲ ਇਨਵਾਇਟੀ,
ਗਮਾਡਾ, ਐਸ.ਏ.ਐਸ. ਨਗਰ

ਨੰ. ਗਮਾਡਾ-ਤਾਲਮੇਲ ਸ਼ਾਖਾ-ਸ-5/2022/7159-61 ਮਿਤੀ- 04/04/2022

ਵਿਸ਼ਾ- ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ 27ਵੀਂ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ ਮੀਟਿੰਗ ਦੀ ਕਾਰਵਾਈ ਜਾਰੀ ਕਰਨ ਬਾਰੇ।

ਸ਼੍ਰੀ ਮਾਨ ਜੀ,

ਇਸ ਦਫਤਰ ਦੇ ਪੱਤਰ ਨੰ: ਗਮਾਡਾ-ਤਾਲੇਮਲ ਸ਼ਾਖਾ-ਸ-5-2022/ਸਪੈ:-80-85 ਮਿਤੀ 31.03.2022 ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ 27ਵੀਂ ਮੀਟਿੰਗ ਮਿਤੀ 31.03.2022 ਨੂੰ 11.00 ਵਜੇ ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ-ਕਮ-ਚੇਅਰਮੈਨ, ਬਜਟ ਤੇ ਲੇਖਾ ਸਕਰੂਟਨੀ ਕਮੇਟੀ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਕਮੇਟੀ ਰੂਮ, ਪੁੱਡਾ ਭਵਨ, ਦੂਜੀ ਮੰਜਿਲ, ਸੈਕਟਰ-62, ਐਸ.ਏ.ਐਸ. ਨਗਰ ਵਿਖੇ ਹੋਈ ਸੀ। ਮੀਟਿੰਗ ਦੀ ਕਾਰਵਾਈ (Proceedings) ਦੀ ਕਾਪੀ ਸੂਚਨਾਂ/ਅਗਲੇਰੀ ਕਾਰਵਾਈ ਹਿੱਤ ਆਪ ਨੂੰ ਭੇਜੀ ਜਾਂਦੀ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

ਸੁਪਰਡੈਂਟ (ਤਾਲਮੇਲ)

ਪਿੱਠ ਅੰਕਣ ਨੰ. ਗਮਾਡਾ-ਤਾਲਮੇਲ ਸ਼ਾਖਾ-ਸ-5/2022/ 7162 ਮਿਤੀ: 04/04/2022

ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਨਿੱਜੀ ਸਕੱਤਰ/ਵਧੀਕ ਮੁੱਖ ਸਕੱਤਰ ਨੂੰ ਮਾਨਯੋਗ ਵਧੀਕ ਮੁੱਖ ਸੱਕਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਜੀ ਦੀ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

ਸੁਪਰਡੈਂਟ (ਤਾਲਮੇਲ)

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ

ਐਸ.ਏ.ਐਸ ਨਗਰ

ਪਿੱਠ ਅੰਕਣ ਨੰ. ਗਮਾਡਾ-ਤਾਲਮੇਲ ਸ਼ਾਖਾ-ਸ-5/2022/7163 ਮਿਤੀ:04/04/2022

ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ. ਨਗਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

ਸੁਪਰਡੈਂਟ (ਤਾਲਮੇਲ)

ਪਿੱਠ ਅੰਕਣ ਨੰ. ਗਮਾਡਾ-ਤਾਲਮੇਲ ਸ਼ਾਖਾ-ਸ-5/2022/7164 ਮਿਤੀ:04/04/2022

ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਮੁੱਖ ਲੇਖਾ ਅਫਸਰ, ਗਮਾਡਾ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਦਫਤਰ ਨਾਲ ਸਬੰਧਤ ਮੱਦ ਬਾਰੇ ਹੋਏ ਫੈਸਲੇ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਉਪਰੰਤ ਕੀਤੀ ਕਾਰਵਾਈ ਰਿਪੋਰਟ ਇਸ ਦਫਤਰ ਨੂੰ ਭਿਜਵਾਈ ਜਾਵੇ ਤਾਂ ਜੋ ਫੋਲੋ-ਅੱਪ ਸਬੰਧੀ ਕਾਰਵਾਈ ਕੀਤੀ ਜਾ ਸਕੇ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

ਸੁਪਰਡੈਂਟ (ਤਾਲਮੇਲ)

ਮਾਨਯੋਗ ਵਧੀਕ ਮੁੱਖ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ-ਕਮ-ਚੇਅਰਮੈਨ, ਜੀ ਦੀ ਪ੍ਰਧਾਨਗੀ ਹੇਠ ਮਿਤੀ 31.03.2022 ਨੂੰ 11.00 ਵਜੇ ਹੋਈ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 27ਵੀਂ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

ਲੜੀ ਨੰ.	ਅਧਿਕਾਰੀ ਦਾ ਨਾਮ ਅਤੇ ਅਹੁੱਦਾ	
1.	ਸ਼੍ਰੀ ਵਿਪੁਲ ਉਜਵਲ , ਆਈ.ਏ.ਐਸ ਮੁੱਖ ਪ੍ਰਸ਼ਾਸਕ, ਗਮਾਡਾ।	ਮੈਂਬਰ
2.	ਸ਼੍ਰੀਮਤੀ ਅਮਨਪ੍ਰੀਤ ਕੌਰ, ਆਈ.ਆਰ.ਐਸ ਵਧੀਕ ਮੁੱਖ ਪ੍ਰਸ਼ਾਸਕ(ਵਿੱਤ ਤੇ ਲੇਖਾ), ਗਮਾਡਾ ।	ਸਪੈਸ਼ਲ ਇੰਨਵਾਇਟੀ
3.	ਸ਼੍ਰੀ ਜਸਮਿੰਦਰ ਸਿੰਘ, ਉਪ ਸਕੱਤਰ, ਵਿੱਤ (ਵਧੀਕ ਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ ਦਾ ਨੁਮਾਇੰਦਾ)	ਮੈਂਬਰ

ਮੀਟਿੰਗ ਵਿੱਚ ਲੜੀਵਾਰ ਅਜੰਡਾ ਆਈਟਮਾਂ ਤੇ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ।

ਅਜੰਡਾ ਆਈਟਮ ਨੰ. 27.01

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ 25ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।

ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

ਅਜੰਡਾ ਆਈਟਮ ਨੰ. 27.02

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ 26ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।

ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

Amanpreet Kaur

ਅਜੰਡਾ ਆਈਟਮ ਨੰ. 27.03

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ ਬਜਟ ਅਤੇ ਅਕਾਂਊਟਸ ਸਕਰੂਟਨੀ ਕਮੇਟੀ ਦੀ 24ਵੀਂ ਮੀਟਿੰਗ ਜੋ ਕਿ ਮਿਤੀ: 20.0.8.2020 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ -ਵਾਰ ਵਿਵਰਣ।

ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਤਸੱਲੀ ਪ੍ਰਗਟਾਈ ਗਈ ।

ਅਜੰਡਾ ਆਈਟਮ ਨੰ. 27.04

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ ਬਜਟ ਅਤੇ ਅਕਾਂਊਟਸ ਸਕਰੂਟਨੀ ਕਮੇਟੀ ਦੀ 25ਵੀਂ ਮੀਟਿੰਗ ਜੋ ਕਿ ਮਿਤੀ: 22.03.2021 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ -ਵਾਰ ਵਿਵਰਣ।

ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਤਸੱਲੀ ਪ੍ਰਗਟਾਈ ਗਈ ।

ਅਜੰਡਾ ਆਈਟਮ ਨੰ. 27.05

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ ਬਜਟ ਅਤੇ ਅਕਾਊਂਟਸ ਸਕਰੂਟਨੀ ਕਮੇਟੀ ਦੀ 26ਵੀਂ ਮੀਟਿੰਗ ਜੋ ਕਿ ਮਿਤੀ: 26.03.2021 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।

ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਤਸੱਲੀ ਪ੍ਰਗਟਾਈ ਗਈ ।

ਅਜੰਡਾ ਆਈਟਮ ਨੰ. 27.06

ਗਮਾਡਾ ਅਥਾਰਿਟੀ ਦੇ ਸਾਲ 2020-21 ਦੇ ਸਲਾਨਾ ਲੇਖਿਆਂ ਦੀ ਬਜਟ ਅਤੇ ਸਕਰੂਟਨੀ ਕਮੇਟੀ ਦੀ ਮੀਟਿੰਗ ਵਿੱਚ ਪ੍ਰਵਾਨਗੀ ਸੰਬਧੀ।

ਕਮੇਟੀ ਵੱਲੋਂ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ।

ਅਜੰਡਾ ਆਈਟਮ ਨੰ. 27.07

Agenda for the Revised Budget Estimates for the year 2021-22 and Budget Estimates for the year 2022-23.

ਕਮੇਟੀ ਵੱਲੋਂ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ।

ਮੀਟਿੰਗ ਧੰਨਵਾਦ ਸਹਿਤ ਸਮਾਪਤ ਕੀਤੀ ਗਈ।

Amanpreet Kaur

ਅਜੰਡਾ ਆਈਟਮ 28.02

(ਤਾਲਮੇਲ ਸ਼ਾਖਾ)

ਵਿਸਾ:- **ਗਰੇਟਰ ਮੋਹਾਲੀ ਏਰੀਆ ਅਥਾਰਟੀ ਦੀ 27ਵੀਂ ਮੀਟਿੰਗ ਮਿਤੀ 31.03.2022 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।**

ਗਮਾਡਾ ਅਥਾਰਟੀ ਦੀ 27ਵੀਂ ਮੀਟਿੰਗ ਜੋ ਮਿਤੀ 31.03.2022 ਨੂੰ ਹੋਈ ਸੀ, ਦੀ ਕਾਰਵਾਈ ਵਿਚ ਲਏ ਗਏ ਫੈਸਲਿਆਂ ਤੇ ਦਫਤਰ ਵੱਲੋ ਕੀਤੀ ਗਈ ਕਾਰਵਾਈ ਬਾਰੇ ਮੱਦ-ਵਾਰ ਵਿਵਰਣ ਸਬੰਧੀ ਅਜੰਡਾ ਨੋਟ **ਅਨੁਲੱਗ**-ਉ ਤੇ ਕਮੇਟੀ ਅੱਗੇ ਸੂਚਨਾਂ ਹਿੱਤ ਰੱਖਿਆ ਜਾਂਦਾ ਹੈ।

ਗਰੇਟਰ ਮੋਹਾਲੀ ਏਰੀਆ ਅਥਾਰਟੀ ਦੀ 27ਵੀਂ ਮੀਟਿੰਗ ਮਿਤੀ 31.03.2022 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।

ਅਜੰਡਾ ਨੰ	ਵਿਸ਼ਾ	ਕਮੇਟੀ ਦਾ ਫੈਸਲਾ	ਫੈਸਲੇ ਤੇ ਦਫਤਰ ਵਲੋਂ ਕੀਤੀ ਗਈ ਕਾਰਵਾਈ
27.01	ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ 25ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।	ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।	ਨੋਟ ਕੀਤਾ ਗਿਆ।
27.02	ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ 26ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।	ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।	ਨੋਟ ਕੀਤਾ ਗਿਆ।
27.03	ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ ਬਜਟ ਅਤੇ ਅਕਾਂਊਟਸ ਸਕਰੂਟਨੀ ਕਮੇਟੀ ਦੀ 24ਵੀਂ ਮੀਟਿੰਗ ਜੋ ਕਿ ਮਿਤੀ 20.08.2020 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।	ਕਮੇਟੀ ਵੱਲੋਂ ਕੀਤੀ ਕਾਰਵਾਈ ਸਬੰਧੀ ਤਸੱਲੀ ਪ੍ਰਗਟਾਈ ਗਈ।	ਨੋਟ ਕੀਤਾ ਗਿਆ।
27.04	ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ ਬਜਟ ਅਤੇ ਅਕਾਂਊਟਸ ਸਕਰੂਟਨੀ ਕਮੇਟੀ ਦੀ 25ਵੀਂ ਮੀਟਿੰਗ ਜੋ ਕਿ ਮਿਤੀ 22.03.2021 ਨੂੰ ਹੋਈ ਸੀ, ਵਿੱਚ ਲਏ ਗਏ	ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਤਸੱਲੀ ਪ੍ਰਗਟਾਈ ਗਈ।	ਨੋਟ ਕੀਤਾ ਗਿਆ।

	ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ –ਵਾਰ ਵਿਵਰਣ।		
27.05	ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ ਬਜਟ ਅਤੇ ਅਕਾਂਊਟਸ ਸਕਰੂਟਨੀ ਕਮੇਟੀ ਦੀ 26ਵੀਂ ਮੀਟਿੰਗ ਜੋ ਕਿ ਮਿਤੀ 26.03.2021 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ –ਵਾਰ ਵਿਵਰਣ।	ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਤਸੱਲੀ ਪ੍ਰਗਟਾਈ ਗਈ।	ਨੋਟ ਕੀਤਾ ਗਿਆ।
27.06	ਗਮਾਡਾ ਅਥਾਰਿਟੀ ਦੇ ਸਾਲ 2020–21 ਦੇ ਸਾਲਾਨਾ ਲੇਖਿਆਂ ਦੀ ਬਜਟ ਅਤੇ ਸਕਰੂਟਨੀ ਕਮੇਟੀ ਦੀ ਮੀਟਿੰਗ ਵਿੱਚ ਪ੍ਰਵਾਨਗੀ ਸੰਬਧੀ।	ਕਮੇਟੀ ਵੱਲੋਂ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ।	ਕਮੇਟੀ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੇ ਸਨਮੁਖ ਗਮਾਡਾ ਅਥਾਰਿਟੀ ਦੇ ਸਾਲ 2020–21 ਸਲਾਨਾ ਲੇਖਿਆ ਦਾ ਅਜੰਡਾ ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 06.04.2022 ਨੂੰ ਹੋਈ 26ਵੀਂ ਮੀਟਿੰਗ ਵਿੱਚ ਅਜੰਡਾ ਆਈਟਮ ਨੰਬਰ: 26.03 ਅਤੇ ਗਮਾਡਾ ਅਥਾਰਿਟੀ ਦੀ ਮਿਤੀ 18.08.2022 ਨੂੰ ਹੋਈ 29ਵੀ ਮੀਟਿੰਗ ਵਿੱਚ ਅਜੰਡਾ ਆਈਟਮ ਨੰ:29.05 ਰਾਹੀਂ ਪ੍ਰਵਾਨ ਕਰ ਲਿਆ ਗਿਆ ਹੈ।
27.07	Agenda for the Revised Budget Estimates for the year 2021-22 and Budget Estimates for the year 2022-23.	ਕਮੇਟੀ ਵੱਲੋਂ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ।	ਕਮੇਟੀ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ ਗਮਾਡਾ ਦਾ ਮੱਦ ਅਧੀਨ ਬਜਟ ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 06.04.2022 ਨੂੰ ਹੋਈ 26ਵੀਂ ਮੀਟਿੰਗ ਵਿੱਚ ਅਜੰਡਾ ਆਈਟਮ ਨੰਬਰ: 26.04 ਅਤੇ ਗਮਾਡਾ ਅਥਾਰਿਟੀ ਦੀ ਮਿਤੀ 18.08.2022 ਨੂੰ ਹੋਈ 29ਵੀ ਮੀਟਿੰਗ ਵਿੱਚ ਅਜੰਡਾ ਆਈਟਮ ਨੰ: 29.06 ਰਾਹੀਂ ਪ੍ਰਵਾਨ ਕਰ ਲਿਆ ਗਿਆ ਹੈ।

ਅਜੰਡਾ ਆਈਟਮ 28.03

(ਮਿਲਖ ਅਫਸਰ-ਹਾਊਸਿੰਗ)

ਵਿਸ਼ਾ:- ਪਲਾਟ ਨੰ: 2,ਸੈਕਟਰ 70 ਐਸ.ਏ.ਐਸ. ਨਗਰ ਦੀ ਨਾਨ ਉਸਾਰੀ ਫੀਸ ਮੁਆਫ ਕਰਨ ਸਬੰਧੀ।

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ ਵੱਲੋਂ ਪੱਤਰ ਨੰ: 4325 ਮਿਤੀ 10.05.1994 ਰਾਹੀਂ ਸ੍ਰੀ ਹਰਜੀਤ ਸਿੰਘ ਪੁੱਤਰ ਸ੍ਰੀ ਬਲਦੇਵ ਸਿੰਘ ਨੂੰ ਪਲਾਟ ਨੰ: 2, ਸੈਕਟਰ 70,ਐਸ.ਏ.ਐਸ. ਨਗਰ (500ਵ:ਗਜ) ਦੀ ਅਲਾਟਮੈਂਟ ਕੀਤੀ ਗਈ ਸੀ। ਅਲਾਟਮੈਂਟ ਦੀ ਸ਼ਰਤ ਲੜੀ ਨੰ: 9(iii) ਅਨੁਸਾਰ ਅਲਾਟਮੈਂਟ ਤੋਂ ਤਿੰਨ ਸਾਲ ਦੇ ਅੰਦਰ-ਅੰਦਰ ਉਸਾਰੀ ਕੀਤੀ ਜਾਣੀ ਹੁੰਦੀ ਹੈ।

ਅਲਾਟਮੈਂਟ ਦੀਆਂ ਸਰਤਾਂ ਅਨੁਸਾਰ ਪਲਾਟ ਵਿਰੁੱਧ ਕਿਸਤਾਂ ਨਾ ਜਮਾ ਕਰਵਾਉਣ ਕਰਕੇ ਅਤੇ ਪਲਾਟ ਤੇ ਤਿੰਨ ਸਾਲਾਂ ਦੇ ਅੰਦਰ-ਅੰਦਰ ਉਸਾਰੀ ਨਾ ਕਰਨ ਕਰਕੇ ਮਿਲਖ ਦਫਤਰ ਦੇ ਹੁਕਮ ਮਿਤੀ: 07.03.2007 (ਅਨੁੱਲਗ-1) ਰਾਹੀਂ ਇਸ ਪਲਾਟ ਦੀ ਅਲਾਟਮੈਂਟ ਕੈਂਸਲ ਕਰ ਦਿੱਤੀ ਗਈ। ਇਹਨਾਂ ਹੁਕਮਾਂ ਦੇ ਸਨਮੁੱਖ ਅਲਾਟੀ ਵੱਲੋਂ ਅਦਾਲਤ ਵਧੀਕ ਮੁੱਖ ਪ੍ਰਸਾਸਕ, ਗਮਾਡਾ ਜੀ ਕੋਲ ਅਪੀਲ ਦਾਇਰ ਕੀਤੀ ਗਈ। ਅਪੀਲ ਦੋਰਾਨ ਅਪੀਲਕਰਤਾ ਦੇ ਮੁਖਤਾਰਆਮ ਵੱਲੋਂ ਦੱਸਿਆ ਗਿਆ ਕਿ ਅਲਾਟੀ ਵੱਲੋਂ ਚਾਰ ਕਿਸਤਾਂ ਦੀ ਡਿਊ ਰਕਮ,ਸਮੇਤ ਵਿਆਜ,ਅਦਾ ਕੀਤੀ ਹੋਈ ਹੈ। ਜਿੱਥੇ ਤੱਕ ਕਿਸਤਾਂ ਦੀ ਅਦਾਇਗੀ ਵਿੱਚ ਹੋਈ ਦੇਰੀ ਦੇ ਸਮੇਂ ਲਈ ਵਿਆਜ ਪਨੈਲਟੀ ਅਤੇ ਉਸਾਰੀ ਫੀਸ ਦੀ ਅਦਾਇਗੀ ਕਰਨ ਦਾ ਸਬੰਧ ਹੈ, ਅਸਲ ਅਲਾਟੀ ਨੇ ਅਲਾਟਮੈਂਟ ਪੱਤਰ ਦੀਆਂ ਸਰਤਾਂ ਅਨੁਸਾਰ ਮਿਲਖ ਅਫਸਰ ਨੂੰ ਲਿਖਤੀ ਰੂਪ ਵਿੱਚ ਪਲਾਟ ਦਾ ਕਬਜਾ ਦੇਣ ਦੀ ਮੰਗੀ ਕੀਤੀ ਸੀ, ਪ੍ਰੰਤੂ ਸਾਲ 1996 ਵਿੱਚ ਲਿਖਤੀ ਰੂਪ ਵਿੱਚ ਦੁਬਾਰਾ ਕਬਜੇ ਦੀ ਮੰਗ ਕਰਨ ਦੇ ਬਾਵਜੂਦ ਅੱਜੇ ਤੱਕ ਉਸ ਨੂੰ ਪਲਾਟ ਦਾ ਭੌਤਿਕ ਪੋਜੈਸਨ ਨਹੀਂ ਦਿੱਤਾ ਗਿਆ। ਦੂਸਰਾ ਜਿਸ ਏਰੀਏ ਵਿੱਚ ਇਹ ਪਲਾਟ ਪੈਂਦਾ ਹੈ, ਉਹ ਏਰੀਆ ਪੁੱਡਾ ਹੁਣ ਗਮਾਡਾ ਵੱਲੋਂ ਵਿਕਸਤ ਨਹੀਂ ਸੀ ਕੀਤਾ ਗਿਆ। ਸਬੰਧਤ ਧਿਰਾਂ ਵੱਲੋਂ ਸੁਣਵਾਈ ਦੌਰਾਨ ਦਿੱਤੀਆਂ ਗਈਆਂ ਦਲੀਲਾਂ ਨੂੰ ਵਿਚਾਰਿਆ ਗਿਆ ਅਤੇ ਰਿਕਾਰਡ ਦੀ ਪੜਤਾਲ ਕੀਤੀ ਗਈ। ਜਿਸ ਦੇ ਸਨਮੁੱਖ ਵਧੀਕ ਮੁੱਖ ਪ੍ਰਸਾਸਕ, ਗਮਾਡਾ, ਐਸ.ਏ.ਐਸ. ਨਗਰ ਜੀ ਵੱਲੋਂ ਮਿਤੀ 02.04.2008 (ਅਨੁਲੱਗ-2) ਰਾਹੀਂ ਹੁਕਮ ਜਾਰੀ ਕੀਤੇ ਗਏ ਕਿ ਮਿਲਖ ਅਫਸਰ, ਗਮਾਡਾ ਵੱਲੋਂ ਇਹ ਹੁਕਮ ਜਾਰੀ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਅਪੀਲਕਰਤਾ ਨੂੰ ਨਿੱਜੀ ਸੁਣਵਾਈ ਦਾ ਮੋਕਾ ਦੇ ਕੇ ਕੇਸ ਦਾ ਨਿਪਟਾਰਾ ਵੇਰਵੇ ਸਹਿਤ ਸਪੀਕਿੰਗ ਆਰਡਰ ਪਾਸ ਕੀਤੇ ਜਾਣ।

ਮਿਲਖ ਅਫਸਰ, ਗਮਾਡਾ ਵੱਲੋਂ ਪੱਤਰ ਮਿਤੀ 09.07.2008 ਅਤੇ 04.09.2008 ਨਿੱਜੀ ਸੁਣਵਾਈ ਲਈ ਹਾਜਰ ਹੋਣ ਲਈ ਨੋਟਿਸ ਜਾਰੀ ਕੀਤਾ ਗਿਆ। ਇਨ੍ਹਾਂ ਨੋਟਿਸਾਂ ਦੇ ਸਬੰਧ ਵਿੱਚ ਅਲਾਟੀ ਦੇ ਜੀ.ਪੀ.ਏ ਵੱਲੋਂ ਪੱਤਰ ਮਿਤੀ 03.07.2008 ਪ੍ਰਾਪਤ ਹੋਇਆ ਜਿਸ ਵਿੱਚ ਵੀ ਪਲਾਟ ਦਾ ਕਬਜਾ ਦੇਣ ਦੀ ਮੰਗ ਕੀਤੀ ਗਈ। ਮਿਲਖ ਅਫਸਰ, ਗਮਾਡਾ ਵੱਲੋਂ ਮਿਤੀ 16.02.2010 (ਅਨੁਲੱਗ-3) ਰਾਹੀਂ ਸਪੀਕਿੰਗ ਆਰਡਰ ਜਾਰੀ ਕੀਤੇ ਗਏ ਕਿ ਇਸ ਪਲਾਟ ਵਿਰੁੱਧ ਕਿਸਤਾਂ/ ਲੇਟ ਜਮ੍ਹਾ ਕਿਸਤਾਂ ਦੀ ਪਨੈਲਿਟੀ ਵਜੋਂ 2,18,527/- ਰੁਪਏ ਪਲੱਸ ਸਾਲ 2009 ਤੱਕ ਦੀ ਨਾਨ ਉਸਾਰੀ ਫੀਸ ਵਜੋਂ 11,02,300/-ਰੁਪਏ ਸਮੇਤ ਕੁੱਲ ਡਿਊ ਬਣਦੀ ਰਕਮ 13,20,827/- ਰੁਪਏ ਇਹ ਸਪੀਕਿੰਗ ਆਰਡਰ ਜਾਰੀ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਬੈਂਕ ਡਰਾਫਟ ਰਾਹੀਂ ਜਮਾ

ਕਰਵਾਈ ਜਾਵੇ ਅਤੇ ਇਸ ਪਲਾਟ ਦੀ ਕੰਨਵੇਂਸ ਡੀਡ ਕਰਵਾਉਣ ਉਪਰੰਤ ਇਸ ਪਲਾਟ ਦਾ ਨਕਸਾ ਇਸ ਦਫਤਰ ਤੋਂ ਪਾਸ ਰਕਵਾਇਆ ਜਾਵੇ। ਇਸ ਉਪਰੰਤ ਪਲਾਟ ਦੀ ਡਿਮਾਰਕੇਸਨ ਇਸ ਦਫਤਰ ਤੋਂ ਪ੍ਰਾਪਤ ਕਰਕੇ ਪਲਾਟ ਤੇ ਉਸਾਰੀ ਮੁਕੰਮਲ ਕੀਤੀ ਜਾਵੇ।

ਅਪੀਲਕਰਤਾ ਵੱਲੋਂ ਐਪੀਲੇਟ ਅਥਾਰਟੀ ਕਮ-ਵਧੀਕ ਮੁੱਖ ਪ੍ਰਸਾਸਕ, ਗਮਾਡਾ ਕੋਲ ਦੁਬਾਰਾ ਅਪੀਲ ਦਾਇਰ ਕੀਤੀ ਗਈ। ਐਪੀਲੇਟ ਅਥਾਰਟੀ ਵੱਲੋਂ ਮਿਤੀ 11.08.2010 ਰਾਹੀਂ ਹੁਕਮ ਜਾਰੀ ਕੀਤੇ ਗਏ ਕਿ ਅਲਾਟੀ ਪਾਸੋਂ ਸਾਲ 2009 ਤੱਕ ਨਾਨ ਉਸਾਰੀ ਫੀਸ ਵੱਜੋਂ ਡਿਊ ਬਣਦੀ ਰਕਮ 11,02,300/-ਰੁਪਏ ਦੀ ਰਕਮ ਵਸੂਲ ਕੀਤੀ ਜਾਣੀ ਬਿਲਕੁੱਲ ਜਾਇਜ ਨਹੀਂ ਹੈ, ਕਿਉਂਕਿ ਹੁਣ ਤੱਕ ਮਿਲਖ ਦਫਤਰ ਅਪੀਲਕਰਤਾ ਨੂੰ ਪਲਾਟ ਦਾ ਕਬਜਾ ਹੈਂਡ ਓਵਰ ਕਰਨ ਤੋਂ ਅਸਫਲ ਰਿਹਾ ਹੈ। ਹੁਣ ਅਪੀਲਕਰਤਾ ਨੂੰ ਲਿਖਤੀ ਤੋਰ ਤੇ ਦਫਤਰ ਵਿੱਚ ਬੁਲਾਕੇ ਪਲਾਟ ਦਾ ਕਬਜਾ ਸੋਪਿਆ ਜਾਵੇ। ਜਿੱਥੋਂ ਤੱਕ ਕਿਸਤਾਂ ਦੀ ਅਦਾਇਗੀ ਵਿੱਚ ਦੇਰੀ ਦੇ ਸਮੇਂ ਲਈ ਪਨੈਲਟੀ ਚਾਰਜ ਕਰਨ ਦਾ ਸਬੰਧ ਹੈ, ਹੁਕਮ ਜਾਰੀ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਅਪੀਲਕਰਤਾ ਨੂੰ ਢੁਕਵੀਂ ਸੁਣਵਾਈ ਦਾ ਮੋਕਾ ਦਿੰਦੇ ਹੋਏ ਡਿਊ ਕਿਸਤਾਂ ਸਮੇਤ ਵਿਆਜ/ਪਨੈਲਟੀ ਦੀ ਰਕਮ ਰੀਕੈਲਕੁਲੇਟ ਕਰਵਾਕੇ ਅਪੀਲਕਰਤਾ ਨੂੰ 15 ਦਿਨਾਂ ਦੇ ਅੰਦਰ-ਅੰਦਰ ਸੂਚਿਤ ਕੀਤਾ ਜਾਵੇ ਇਸ ਦੇ ਨਾਲ ਹੀ ਅਪੀਲਕਰਤਾ ਨੂੰ ਪਲਾਟ ਦਾ ਕਬਜਾ ਲੈਣ ਅਤੇ ਪਨੈਲਟੀ ਸਬੰਧੀ ਆਪਣੀ ਸਥਿਤੀ ਸਪਸਟ ਕਰਨ ਲਈ ਮਿਲਖ ਅਫਸਰ ਨਾਲ ਤਾਲਮੇਲ ਕਰੇ।

ਅਪੀਲਕਰਤਾ ਨੂੰ ਇਸ ਦਫਤਰ ਦੇ ਪੱਤਰ ਮਿਤੀ 22.12.2010 ਨੂੰ ਕਿਸਤਾਂ/ਪਨੈਲਟੀ ਵੱਜੋਂ 2,18,527/- ਮਿਤੀ 31.12.2010 ਤੱਕ ਦੀ ਰਕਮ ਜਮਾ ਕਰਵਾਉਣ ਲਈ ਲਿਖਿਆ ਗਿਆ।

ਅਲਾਟੀ ਨੂੰ ਕਬਜਾ ਲੈਣ ਲਈ ਸੂਚਿਤ ਕੀਤਾ ਗਿਆ ਪ੍ਰੰਤੂ ਅਲਾਟੀ ਕਬਜਾ ਲੈਣ ਲਈ ਹਾਜਰ ਨਹੀਂ ਹੋਇਆ। ਅਲਾਟੀ ਨੂੰ ਲਿਖਿਆ ਗਿਆ ਕਿ ਜੇਕਰ ਉਹ ਮਿਤੀ 22.09.2011 ਨੂੰ ਦਫਤਰ ਹਾਜਰ ਹੋਕੇ ਪਲਾਟ ਦਾ ਕਬਜਾ ਪ੍ਰਾਪਤ ਨਹੀਂ ਕਰਦੇ ਤਾਂ ਇਸ ਪਲਾਟ ਦਾ ਕਬਜਾ ਲਿਆ ਹੋਇਆ ਸਮੱਝ ਲਿਆ ਜਾਵੇਗਾ।

ਅਲਾਟੀ ਵੱਲੋਂ ਮਿਤੀ 05.01.2012 ਨੂੰ ਬਿਲਡਿੰਗ ਪਲਾਨ ਪਾਸ ਕਰਨ ਲਈ ਅਪਲਾਈ ਕੀਤਾ ਗਿਆ। ਇਸ ਉਪਰੰਤ ਮਿਲਖ ਦਫਤਰ ਦੇ ਪੱਤਰ ਮਿਤੀ 03.03.2012 ਰਾਹੀਂ ਅਲਾਟੀ ਨੂੰ ਸੂਚਿਤ ਕੀਤਾ ਗਿਆ ਕਿ ਆਪ ਦੇ ਪਲਾਟ ਦੀ ਅਲਾਟਮੈਂਟ ਸਾਲ 1994 ਦੀ ਹੈ ਅਤੇ ਅਲਾਟਮੈਂਟ ਨੂੰ 15 ਸਾਲ ਤੋਂ ਵੱਧ ਹੋ ਚੁੱਕੇ ਹਨ। 5 ਸਾਲ ਤੋਂ ਬਾਅਦ ਨਾਲ ਉਸਾਰੀ ਫੀਸ ਪ੍ਰਾਪਤ ਕਰਨ ਸਬੰਧੀ ਮੁੱਖ ਦਫਤਰ ਵੱਲੋਂ ਕੋਈ ਪਾਲਿਸੀ ਜਾਰੀ ਨਹੀਂ ਕੀਤੀ ਗਈ ਹੈ। ਇਸ ਲਈ ਪਾਲਿਸੀ ਆਉਣ ਉਪਰੰਤ ਹੀ ਕੇਸ ਤੇ ਅਗਲੇਰੀ ਕਾਰਵਾਈ ਆਰੰਭੀ ਜਾਵੇਗੀ।

ਇਸ ਉਪਰੰਤ ਉਪ ਮੰਡਲ ਇੰਜੀਨੀਅਰ (ਬਿਲਡਿੰਗ) ਗਮਾਡਾ,ਵੱਲੋਂ ਮਿਤੀ 31.07.2019 ਰਾਹੀਂ ਅਲਾਟੀ ਦੇ ਆਰਕੀਟੈਕਟ ਅਤੇ ਅਲਾਟੀ ਨੂੰ ਕਮੇਟੀ ਵੱਲੋਂ ਨਕਸਿਆਂ ਵਿੱਚ ਪਾਈਆਂ ਗਈਆਂ ਤਰੁਟੀਆਂ ਦੂਰ ਕਰਨ ਸਬੰਧੀ ਸੂਚਿਤ ਕੀਤਾ ਗਿਆ ਸੀ।

ਮਿਲਖ ਦਫਤਰ, ਗਮਾਡਾ ਵੱਲੋਂ ਮਿਤੀ 10.12.2019 ਰਾਹੀਂ ਸੂਚਿਤ ਕੀਤਾ ਗਿਆ ਕਿ ਨਾਨ ਉਸਾਰੀ ਫੀਸ ਵਜੋਂ 23,88,803/- ਰੁਪਏ ਅਤੇ ਜੀ.ਐਸ.ਟੀ 4,29,985/- ਰੁਪਏ ਬਕਾਇਆ ਹਨ। ਇਸ ਮਗਰੋਂ ਮਿਤੀ 27.12.2019 ਰਾਹੀਂ ਅਲਾਟੀ ਵੱਲੋਂ ਲਿਖਿਆ ਗਿਆ ਕਿ ਉਸ ਵੱਲੋਂ ਮਿਤੀ 05.01.2012 ਨੂੰ ਬਿਲਡਿੰਗ ਪਲੈਨ ਪਾਸ ਕਰਵਾਉਣ ਲਈ ਦਿੱਤੇ ਗਏ ਸਨ ਜੋਕਿ ਅੱਜੇ ਤੱਕ ਪਾਸ ਨਹੀਂ ਕੀਤੇ ਗਏ। ਇਸ ਲਈ ਉਸ ਵੱਲੋਂ ਨਾਨ ਉਸਾਰੀ ਫੀਸ ਦੇਣੀ ਨਹੀਂ ਬਣਦੀ।

ਬਿਲਡਿੰਗ ਸਾਖਾ ਦੀ ਰਿਪੋਰਟ ਅਨੁਸਾਰ ਅਲਾਟੀ ਨਕਸੇ ਪਾਸ ਕਰਵਾਏ ਬਿਨਾਂ ਉਸਾਰੀ ਨਹੀਂ ਕਰਾ ਸਕਦਾ। ਇਸ ਤੋਂ ਇਲਾਵਾ ਇਹ ਵੀ ਰਿਪੋਰਟ ਕੀਤੀ ਗਈ ਹੈ ਕਿ ਅਲਾਟੀ ਵੱਲੋਂ ਮਿਤੀ 05.01.2012 ਨੂੰ ਬਿਲਡਿੰਗ ਪਲਾਨ ਲਈ ਅਪਲਾਈ ਕਰ ਦਿੱਤਾ ਗਿਆ ਸੀ ਜੋ ਕਿ well within time ਸੀ।

ਕਾਨੂੰਨੀ ਸਲਾਹਕਾਰ ਵੱਲੋਂ ਵੀ ਰਾਏ ਦਿੱਤੀ ਗਈ ਹੈ ਕਿ ਨੋਟਿਫਿਕੇਸਨ ਮਿਤੀ 16.08.2013 ਅਨੁਸਾਰ ਰੂਲ 13 ਵਿੱਚ ਹੋਈ ਸੋਧ ਦੇ ਮੱਦੇਨਜ਼ਰ 15 ਸਾਲਾਂ ਤੋਂ ਵੱਧ ਦੇ ਸਮੇਂ ਲਈ ਨਾਨ ਉਸਾਰੀ ਫੀਸ ਦੀ ਕੈਲਕੁਲੇਸਨ ਸਬੰਧੀ ਉਪਬੰਧ ਹੈ ਅਤੇ ਅਲਾਟੀ ਵੱਲੋਂ 05.01.2012 ਨੂੰ ਜਮਾ ਕਰਵਾਏ ਬਿਲਡਿੰਗ ਪਲੈਨਸ ਪਾਸ ਕਰਨ ਦੀ ਮਿਤੀ ਤੱਕ ਨਾਨ ਉਸਾਰੀ ਫੀਸ ਚਾਰਜ ਨਹੀਂ ਕੀਤੀ ਜਾ ਸਕਦੀ ।

ਉਕਤ ਦਰਸਾਏ ਤੱਥਾਂ ਦੇ ਸਨਮੁੱਖ ਹੇਠ ਦਰਸਾਏ ਅਨੁਸਾਰ ਮਾਮਲਾ ਵਿਚਾਰਨ ਹਿੱਤ ਬਜਟ ਅਤੇ ਸਕੂਰਟਨੀ ਕਮੇਟੀ ਦੇ ਸਨਮੁੱਖ ਪੇਸ ਹੈ:-

1) ਅਲਾਟੀ/ਅਪੀਲਕਰਤਾ ਵੱਲੋਂ ਮਿਤੀ 05.01.2012 ਨੂੰ ਮਿਲਖ ਦਫਤਰ ਵਿਖੇ ਪੇਸ/ਜਮਾ ਕਰਵਾਏ ਬਿਲਡਿੰਗ ਪਲੈਨਸ ਦੀ ਪ੍ਰਵਾਨਗੀ ਦੀ ਮਿਤੀ 31.07.2019 ਮੰਨਣੀ ਬਣਦੀ ਹੈ,ਕਿਉਂਜੋ ਮਿਲਖ ਦਫਤਰ ਦੀ ਬਿਲਡਿੰਗ ਸਾਖਾ ਵੱਲੋਂ ਅਲਾਟੀ/ਅਪੀਲਕਰਤਾ ਨੂੰ ਮਿਤੀ 31.07.2019 ਰਾਹੀਂ ਬਿਲਡਿੰਗ ਪਲੈਨਸ ਵਿੱਚ ਤਰੁੱਟੀਆਂ ਦੂਰ ਕਰਨ ਲਈ ਲਿਖਿਆ ਗਿਆ ਸੀ।

2) **ਜੇਕਰ ਬਿਲਡਿੰਗ ਪਲੈਨਸ ਦੀ ਪ੍ਰਵਾਨਗੀ ਦੀ ਮਿਤੀ 31-07-2019 ਮੰਨੀ ਜਾਂਦੀ ਹੈ ਤਾਂ ਅਲਾਟੀ/ਅਪੀਲਕਰਤਾ ਤੋਂ ਮਿਤੀ 31-07-2019 ਤੋਂ 31-07-2022 ਤੱਕ ਨਾਨ ਉਸਾਰੀ ਫੀਸ ਵੀ ਵਸੂਲ ਕਰਨੀ ਯੋਗ ਨਹੀਂ ਹੋਵੇਗੀ।**

3) **ਅਣਗਹਿਲੀ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਅਨੁਸਾਸਨੀਕ ਕਾਰਵਾਈ ਕਰਨੀ ਵੀ ਯੋਗ ਹੋਵੇਗੀ, ਕਿਉਂਜੋ ਬਿਲਡਿੰਗ ਪਲੈਨਸ ਪ੍ਰਵਾਨ ਕਰਨ ਵਿੱਚ Lapse ਹੋਣ ਕਰਕੇ ਗਮਾਡਾ ਨੂੰ ਨਾਨ ਉਸਾਰੀ ਫੀਸ ਦਾ ਵਿੱਤੀ ਨੁਕਸਾਨ ਹੋਇਆ ਹੈ।**

ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਮੁਹਾਲੀ।

ਦਫਤਰੀ ਹੁੱਕਮ

ਪਲਾਟ ਨੰਬਰ 2 ਸੈਕਟਰ 70 , ਮੁਹਾਲੀ ਆਪ ਨੂੰ ਇਸ ਦਫਤਰ ਦੇ ਪੱਤਰ ਨੰਬਰ 4325 ਮਿਤੀ 10-5-94 ਰਾਹੀਂ ਅਲਾਟ ਕੀਤਾ ਗਿਆ ਸੀ ਪਰ ਮੌਜੂਦਾ ਸਥਿਤੀ ਅਨੁਸਾਰ ਅਲਾਟੀ ਨੇ ਪਲਾਟ ਦੀ ਕੀਮਤ ਵਜੋਂ ਡਿਊ ਰਕਮ 7,86,950/- ਰੁਪਏ ਜਮ੍ਹਾਂ ਨਹੀਂ ਕਰਵਾਈ ਗਈ ਜੋ ਕਿ ਅਲਾਟਮੈਂਟ ਪੱਤਰ ਦੀਆਂ ਸਰਤਾਂ ਦੇ ਵਿਰੁੱਧ ਹੈ। ਅਲਾਟੀ ਨੂੰ ਇਸ ਦਫਤਰ ਦੇ ਪੱਤਰ ਨੰਬਰ 6064 ਮਿਤੀ 22-3-1986 ,9949 ਮਿਤੀ 4-5-2006 , 16568 ਮਿਤੀ 2-8-2006 , 20829 ਮਿਤੀ 10-10-2006 ਅਤੇ ਪੱਤਰ ਨੰਬਰ 22177 ਮਿਤਹ 3-11-2006 ਰਾਹੀਂ ਡਿਊ ਰਕਮ ਜਮ੍ਹਾਂ ਕਰਾਉਣ ਲਈ ਨਿੱਜੀ ਸੁਣਵਾਈ ਦੇ ਮੌਕੇ ਦਿੱਤੇ ਗਏ ਸਨ ਪਰ ਅਲਾਟੀ ਵੱਲੋਂ ਡਿਊ ਰਕਮ ਜਮ੍ਹਾਂ ਨਹੀਂ ਕਰਵਾਈ ਗਈ। ਅਲਾਟੀ ਨੂੰ ਫਿਰ ਪੱਤਰ ਨੰਬਰ 24039 ਮਿਤੀ 1-12-2006 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ। ਪਰ ਅਲਾਟੀ ਨਿੱਜੀ ਸੁਣਵਾਈ ਦੌਰਾਨ ਪੇਸ਼ ਨਹੀਂ ਹੋਇਆ ਜਿਸ ਤੋਂ ਜਾਪਦਾ ਹੈ ਕਿ ਅਲਾਟੀ ਡਿਊ ਰਕਮ ਜਮ੍ਹਾਂ ਨਹੀਂ ਕਰਾਉਣਾ ਚਾਹੁੰਦਾ ।

ਉਪਰੋਕਤ ਤੱਥਾਂ ਨੂੰ ਦੇਖਦੇ ਹੋਏ ਮੈਂ, ਐਚ.ਕੇ. ਨਾਗਪਾਲ, ਪੀ.ਸੀ.ਐਸ., ਮਿਲਖ ਅਫਸਰ, ਪੁੱਡਾ, ਮੁਹਾਲੀ ਪੰਜਾਬ ਰਿਜਨਲ ਅਤੇ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ 1995 ਦੀ ਧਾਰਾ 45(4) ਅਧੀਨ ਪਲਾਟ ਨੰਬਰ 2 ਸੈਕਟਰ 70 ਮੁਹਾਲੀ ਨੂੰ ਉਸਾਰੀ ਸਮੇਤ ਜਬਤ ਕਰਨ ਦੇ ਹੁੱਕਮ ਦਿੰਦਾ ਹਾਂ ਅਤੇ ਪਲਾਟ ਦੀ ਕੁੱਲ ਕੀਮਤ ਦਾ 10 ਪ੍ਰਤੀਸਤ ਹਿੱਸਾ ਪੁੱਡਾ ਦੇ ਹੱਕ ਵਿੱਚ ਜਬਤ ਕਰਨ ਦੇ ਹੁੱਕਮ ਦਿੰਦਾ ਹਾਂ।

ਐਚ.ਕੇ. ਨਾਗਪਾਲ,
ਪੀ.ਸੀ.ਐਸ.,
ਮਿਲਖ ਅਫਸਰ,
ਗਮਾਡਾ, ਮੁਹਾਲੀ।

ਪਿੱਠ ਅੰਕਣ ਨੰ: ਮਿਅ:/ਗਮਾਡਾ/2007/ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਲੇਖਾ ਅਫਸਰ, ਦਫਤਰ ਮਿਲਖ ਅਫਸਰ, ਗਮਾਡਾ, ਮੁਹਾਲੀ।
2. ਸ੍ਰੀ ਹਰਜੀਤ ਸਿੰਘ ਪੁੱਤਰ ਸ੍ਰੀ ਬਲਦੇਵ ਸਿੰਘ ਮਕਾਨ ਨੰਬਰ 204 , ਪੰਜਾਬੀ ਬਾਗ, ਪਟਿਆਲਾ।

ਮਿਲਖ ਅਫਸਰ,
ਗਮਾਡਾ, ਮੁਹਾਲੀ।

(1) 7

ਬਾ ਅਦਾਲਤ ਵਧੀਕ ਮੁੱਖ ਪ੍ਰਸਾਸਕ, ਗ੍ਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ, ਮੁਹਾਲੀ।
(ਮੁੱਖ ਪ੍ਰਸਾਸਕ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ)

ਅਪੀਲ ਕੇਸ ਨੰ: 1 ਦਾਇਰ ਕਰਨ ਦੀ ਮਿਤੀ: 3/4/07

ਹੁਕਮ

ਸੰਖੇਪ ਵਿੱਚ ਇਸ ਕੇਸ ਦੇ ਤੱਥ ਇਸ ਪ੍ਰਕਾਰ ਹਨ, ਕਿ ਪਲਾਟ ਨੰ:2, ਸੈਕਟਰ 70, ਮੁਹਾਲੀ ਸ੍ਰੀ ਹਰਜੀਤ ਸਿੰਘ ਪੁੱਤਰ ਸ੍ਰੀ ਬਲਦੇਵ ਸਿੰਘ ਵਾਸੀ 204, ਪੰਜਾਬੀ ਬਾਗ, ਪਟਿਆਲਾ ਨੂੰ ਮਿਲਖ ਦਫਤਰ ਦੇ ਪੱਤਰ ਨ: 4325, ਮਿਤੀ 10/5/94 ਨੂੰ ਅਲਾਟ ਕੀਤਾ ਗਿਆ ਸੀ। ਅਲਾਟਮੈਂਟ ਪੱਤਰ ਵਿੱਚ ਦਰਸਾਏ ਸ਼ਡਿਊਲ ਅਨੁਸਾਰ ਮਿਥੇ ਅਲਾਟੀ ਪਲਾਟ ਦੀਆਂ ਕਿਸਤਾ ਤਰਤੀਬਵਾਰ ਮਿਤੀ 10/5/95, 10/5/96, 10/5/97 ਅਤੇ 10/5/98 ਨੂੰ ਅਦਾ ਕਰਨ ਅਤੇ ਮੌਕੇ ਤੇ ਪ੍ਰਵਾਨਤ ਨਕਸੇ ਅਨੁਸਾਰ ਤਿੰਨ ਸਾਲਾਂ ਦੇ ਅੰਦਰ ਅੰਦਰ ਇਮਾਰਤ ਦੀ ਉਸਾਰੀ ਕਰਨ ਲਈ ਪਾਬੰਦ ਸੀ । ਅਲਾਟੀ ਕਿਸਤਾਂ ਦੀ ਰਕਮ ਨਿਮਚਿਤ ਸਮੇਂ ਅਨੁਸਾਰ ਅਦਾ ਕਰਨ ਅਤ ਮੌਕੇ ਤੇ ਇਮਾਰਤ ਦੀ ਉਸਾਰੀ ਕਰਨ ਤੋਂ ਅਸਫਲ ਰਿਹਾ। ਜਿਸ ਕਾਰਣ ਅਲਾਟੀ ਵੱਲ 7,86,950/- ਰੁਪਏ ਦੀ ਰਕਮ ਡਿਊ ਬਣਦੀ ਸੀ, ਜ ਕਿ ਮਿਲਖ ਦਫਤਰ ਵੱਲੋਂ ਸੋਕਾਜ ਨੋਟਿਸ ਜਾਰੀ ਕਰਨ ਦੇ ਬਾਵਜੂਦ ਅਲਾਟੀ ਵੱਲੋਂ ਜਮ੍ਹਾਂ ਨਹੀਂ ਕਰਵਾਈ ਗਈ ਅਤੇ ਨਿਜੀ ਸੁਣਵਾਈ ਦਾ ਮੌਕਾ ਦੇਣ ਦੇ ਬਾਵਜੂਦ ਉਹ ਆਪਣੀ ਸਥਿਤੀ ਸਪਸਟ ਕਰਨ ਲਈ ਹਾਜਰ ਨਹੀਂ ਹੋਇਆ। ਜਿਸ ਕਾਰਣ ਮਿਲਖ ਅਫਸਰ, ਗਮਾਡਾ, ਮੁਹਾਲੀ ਵੱਲੋਂ ਪੰਜਾਬ ਰੀਜਨਲ ਅਤੇ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ, 1995 ਦੀ ਧਾਰਾ 45(4) ਅਧੀਨ ਇਸ ਪਲਾਟ ਦੀ ਅਲਾਟਮੈਂਟ ਉਸਾਰੀ ਸਮੇਤ ਜਬਤ ਕਰਨ ਸਬੰਧੀ ਮਿਤੀ 7/3/2007 ਨੂੰ ਹੁਕਮ ਪਾਸ ਕਰ ਦਿੱਤੇ ਗਏ। ਇਹਨਾਂ ਹੁਕਮਾਂ ਨਾਲ ਅਸਿਹਮਤੀ ਪ੍ਰਗਟ ਕਰਦੇ ਹੋਏ ਪੰਜਾਬ ਰੀਜਨਲ ਐਂਡ ਟਾਊਨ ਪਲਾਨਿੰਗ ਐਂਡ ਡਿਵੈਲਪਮੈਂਟ ਐਕਟ, 1995 ਦੀ ਧਾਰਾ 45(5) ਅਧੀਨ ਮੌਜੂਦਾ ਅਪੀਲ ਅਸਲ ਅਲਾਟੀ ਵੱਲ ਆਪਣੇ ਮੁਖਤਾਰੇਆਮ ਸ੍ਰੀ ਰਘਬੀਰ ਸਿੰਘ ਢਿੱਲੋਂ ਪੁੱਤਰ ਸ: ਚੰਦ ਸਿੰਘ ਵਾਸੀ 204-ਏ, ਪੰਜਾਬੀ ਬਾਗ ਪਟਿਆਲਾ ਰਾਹੀਂ ਨਿਮਨ ਹਸਤਾਖਰ ਪਾਸ ਦਾਇਰ ਕੀਤੀ ਗਈ ਹੈ।

ਇਸ ਅਪੀਲ ਕੇਸ ਦੇ ਨਿਪਟਾਰੇ ਹਿੱਤ ਮਿਲਖ ਅਫਸਰ, ਗਮਾਡਾ, ਮੁਹਾਲੀ ਦੇ ਦਫਤਰ ਤੋਂ ਰਿਪੋਰਟ ਰੂਪ ਵਿੱਚ ਟਿੱਪਣੀ ਅਤੇ ਰਿਕਾਰਡ ਹਾਸਲ ਕੀਤਾ ਗਿਆ ਅਤੇ ਸਬੰਧਿਤ ਧਿਰਾਂ ਨੂੰ ਹਾਜਰ ਹੋਕ ਆਪਣਾ ਪੱਖ ਸਪਸਟ ਕਰਨ ਦਾ ਮੌਕਾ ਦਿੱਤਾ ਗਿਆ।

ਸੁਣਵਾਈ ਦੌਰਾਨ ਅਪੀਲਕਰਤਾ ਦੇ ਮੁਖਤਾਰੇਆਮ ਸ੍ਰੀ ਰਘਬੀਰ ਸਿੰਘ ਢਿੱਲੋਂ ਨੇ ਦਲੀਲ ਦਿੱਤੀ ਅਤ ਦੱਸਿਆ, ਕਿ ਇਸ ਪਲਾਟ ਦੀ ਅਲਾਟਮੈਂਟ ਮਿਤੀ 10/5/94 ਨੂੰ ਕੀਤੀ ਗਈ ਸੀ ਅਤੇ ਅਸਲ ਅਲਾਟੀ ਵੱਲ ਬਣਦੀ ਕਿਸਤਾਂ ਦੀ ਡਿਊ ਰਕਮ, ਸਮੇਤ ਵਿਆਜ, ਅਦਾ ਕੀਤੀ ਹੋਈ ਹੈ। ਜਿੱਥੋਂ ਤਕ ਕਿਸਤਾਂ ਦੀ ਅਦਾਇਗੀ ਵਿਚ ਦੇਰੀ ਦੇ ਸਮੇਂ ਲਈ ਵਿਆਜ ਪਨੈਲਟੀ ਅਤੇ ਉਸਾਰੀ ਫੀਸ ਦੀ ਅਦਾਇਗੀ ਕਰਨ ਦਾ ਸਬੰਧ ਹੈ, ਅਸਲ ਅਲਾਟੀ ਨੇ ਅਲਾਟਮੈਂਟ ਪੱਤਰ ਦੀਆਂ ਸਰਤਾਂ ਅਨੁਸਾਰ ਮਿਲਖ ਅਫਸਰ ਨੂੰ ਲਿਖਤੀ ਰੂਪ ਵਿੱਚ ਪਲਾਟ ਦਾ ਕਬਜਾ ਦੇਣ ਦੀ ਮੰਗ ਕੀਤੀ ਸੀ, ਪ੍ਰੰਤੂ ਸਾਲ 1996 ਵਿੱਚ ਲਿਖਤੀ ਰੂਪ ਵਿੱਚ ਦੁਬਾਰਾ ਕਬਜੇ ਦੀ ਮੰਗ ਕਰਨ ਦੇ ਬਾਵਜੂਦ ਅਜੇ ਤੱਕ ਉਸ ਨੂੰ ਪਲਾਟ ਦਾ ਭੌਤਿਕ ਪੁਜੈਸਨ ਨਹੀਂ ਦਿੱਤਾ ਗਿਆ। ਦੂਸਰਾ ਜਿਸ ਏਰੀਏ ਵਿੱਚ ਇਹ ਪਲਾਟ ਪੈਂਦਾ ਹੈ, ਉਹ ਏਰੀਆ ਪੂਰਾ ਹੁਣ ਗਮਾਡਾ ਵੱਲੋਂ ਵਿਕਸਤ ਨਹੀਂ ਸੀ ਕੀਤਾ ਗਿਆ, ਜਿਸ ਕਾਰਣ ਅਸਲ ਅਲਾਟੀ ਨੇ ਆਪਣੇ ਪੱਤਰ ਮਿਤੀ 22/4/97 ਅਤੇ 16/7/97 ਰਾਹੀਂ ਮੌਕੇ ਤੇ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਿਖਤੀ ਰੂਪ ਵਿਚ ਬੇਨਤੀ ਕੀਤੀ ਸੀ। ਉਦੋਂ ਦੇ ਮੁੱਖ ਪ੍ਰਸਾਸਕ ਜੀ ਵੱਲੋਂ ਦਖਲ ਦੇਣ ਤੇ ਮੌਕਾ ਮੁਲਾਹਜਾ ਕਰਵਾਇਆ ਗਿਆ ਜੋ ਕਿ ਅਤੇ ਇਹ ਤੱਥ ਰਿਕਾਰਡ ਤੇ ਉਪਲਬਧ ਹੈ, ਕਿ ਉਸ ਵੇਲੇ ਇਹ ਏਰੀਆ ਵਿਕਸਤ ਨਹੀਂ ਸੀ ਅਤੇ ਮਹੀਨਾ ਮਾਰਚ, 1999 ਤੱਕ ਇਸ ਪਲਾਟ ਲਈ ਲੋੜੀਂਦੀਆਂ ਸਹੂਲਤਾਂ ਜਿਵਾਂ ਕਿ ਸੜਕ, ਸੀਵਰੇਜ, ਬਿਜਲੀ ਆਦਿ ਉਪਲਬਧ ਹੋ ਸਕੀ। ਇਸ ਤਰ੍ਹਾਂ ਨਾਲ ਵੱਖ ਵੱਖ ਅਦਾਲਤਾਂ ਵੱਲੋਂ ਦਿੱਤੇ ਹੋਏ ਫੈਸਲਿਆਂ ਦੀ ਰੋਸਨੀ ਵਿਚ ਜਦੋਂ ਇਕ ਮਿਲਖ ਅਫਸਰ ਵੱਲੋਂ ਅਸਲ ਅਲਾਟੀ ਨੂੰ ਪਲਾਟ ਦਾ ਫਿਜੀਕਲ ਪੁਜੈਸਨ ਹੀ ਨਹੀਂ ਦਿੱਤਾ ਗਿਆ ਅਤ ਨ ਹੀ ਸਬੰਧਿਤ ਏਰੀਆ ਪੂਰਾ

ਸ਼ੁਰੂ ਵਿਕਸਤ ਕੀਤਾ ਗਿਆ ਸੀ, ਉਦੋਂ ਤੱਕ ਕਿਸਤਾਂ ਦੀ ਦੇਰੀ ਦੇ ਸਮੇਂ ਲਈ ਵਿਆਜ ਪੈਨੈਲਟੀ ਚਾਰਜ ਕਰ ਸਕਦਾ ਸੀ ਸਕਦਾ। ਜਿੱਥੋਂ ਤੱਕ ਉਸਾਰੀ ਫੀਸ ਦੀ ਅਦਾਇਗੀ ਦਾ ਸਬੰਧ ਹੈ, ਉਹ ਦੀ ਪਲਾਟ ਦਾ ਪੁਜੈਸਨ ਨਾਂ ਮਿਲਣ ਕਰਕੇ ਅਦਾ ਕਰਨੀ ਨਹੀਂ ਬਣਦੀ। ਇਸ ਤਰ੍ਹਾਂ ਨਾਲ ਅਸਲ ਅਲਾਟੀ ਦੇ ਮੁਖਤਾਰੇਆਮ ਵੱਲੋਂ ਸੁਣਵਾਈ ਦੌਰਾਨ ਇਹ ਜੋਰ ਦਿੱਤਾ ਗਿਆ, ਕਿ ਮਿਲਖ ਅਫਸਰ, ਗਮਾਡਾ, ਮੁਹਾਲੀ ਵੱਲੋਂ ਪਾਸ ਕੀਤੇ ਗਏ ਹੁਕਮ ਅਪੀਲਕਰਤਾ ਨੂੰ ਆਪਣੀ ਸਥਿਤੀ ਸਪਸਟ ਕਰਨ ਦਾ ਮੌਕਾ ਦਿੱਤੇ ਬਿਨਾਂ ਹੀ ਪਾਸ ਕੀਤੇ ਗਏ ਹਨ ਅਤੇ ਇਹ ਹੁਕਮ ਪਾਸ ਕਰਨ ਤੋਂ ਪਹਿਲਾਂ ਰਿਕਾਰਡ ਤੇ ਉਪਲੱਬਧ ਤੱਥਾਂ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ। ਇਸ ਤਰ੍ਹਾਂ ਨਾਲ ਅਲਾਟੀ ਦੇ ਮੁਖਤਾਰੇਆਮ ਵੱਲੋਂ ਮਿਲਖ ਅਫਸਰ ਵੱਲੋਂ ਪਾਸ ਕੀਤੇ ਗਏ ਹੁਕਮ ਰੱਦ ਕਰਨ ਲਈ ਜੋਰ ਦਿੱਤਾ ਗਿਆ।

ਦੂਸਰੇ ਪਾਸੇ ਸ੍ਰੀ ਇਕਬਾਲ ਸਿੰਘ, ਲਾਅ ਅਫਸਰ ਨੇ ਰਿਕਾਰਡ ਦੇ ਅਧਾਰ ਤੇ ਸੁਣਵਾਈ ਦੌਰਾਨ ਇਹ ਜਿਕਰ ਕੀਤਾ , ਕਿ ਅਲਾਟੀ ਡਿਊ ਕਿਸਤਾਂ ਦੀ ਰਕਮ ਅਲਾਟਮੈਂਟ ਪੱਤਰ ਵਿੱਚ ਦਰਜ ਸਰਤਾਂ ਅਨੁਸਾਰ ਅਦਾ ਕਰਨ ਦਾ ਪਾਬੰਦ ਸੀ ਅਤੇ ਜਿੱਥੋਂ ਤੱਕ ਵਿਆਜ ਪਨੈਲਟੀ ਅਤੇ ਹੋਰ ਡਿਊਜ ਚਾਰਜ ਕਰਨ ਦਾ ਸਬੰਧ ਹੈ, ਉਹ ਵੀ ਪਾਲਿਸੀ ਅਨੁਸਾਰ ਅਲਾਟੀ ਪਾਸੋਂ ਵਸੂਲ ਕੀਤੇ ਜਾਣੇ ਚਾਹੀਦੇ ਹਨ।

ਸਬੰਧਿਤ ਧਿਰਾਂ ਵੱਲੋਂ ਸੁਣਵਾਈ ਦੌਰਾਨ ਦਿੱਤੀਆਂ ਗਈਆਂ ਦਲੀਲਾਂ ਨੂੰ ਵਿਚਾਰਿਆ ਗਿਆ ਅਤੇ ਰਿਕਾਰਡ ਦੀ ਪੜਤਾਲ ਕੀਤੀ ਗਈ ।ਇਸ ਪਲਾਟ ਦੀ ਅਲਾਟਮੈਂਟ ਜਬਤ ਕਰਨ ਸਬੰਧੀ ਮਿਲਖ ਅਫਸਰ, ਗਮਾਡਾ, ਮੁਹਾਲੀ ਵੱਲੋਂ ਪਾਸ ਕੀਤੇ ਹੁਕਮ ਮਿਤੀ 7/3/07 ਨੂੰ ਵਾਚਣ ਤੋਂ ਇਹ ਅਪਣੇ ਆਪ ਸਪਸਟ ਹੋ ਜਾਂਦਾ ਹੈ, ਕਿ ਭਾਵੇਂ ਅਪੀਲਕਰਤਾ ਨੂੰ ਹਾਜਰ ਹੋਕੇ ਆਪਣੀ ਸਥਿਤੀ ਸਪਸਟ ਕਰਨ ਦਾ ਮੌਕਾ ਦਿੱਤਾ ਗਿਆ, ਪਰ ਅਪੀਲਕਰਤਾ ਦੇ ਹਾਜਰ ਨਾਂ ਹੋਣ ਕਾਰਣ ਇੱਕਤਰਫਾ ਕਾਰਵਾਈ ਕਰਦੇ ਹੋਏ ਪਲਾਟ ਦੀ ਅਲਾਟਮੈਂਟ ਜਬਤ ਕਰਨ ਸਬੰਧੀ ਹੁਕਮ ਪਾਸ ਕਰ ਦਿੱਤੇ ਗਏ। ਇਹਨਾਂ ਹੁਕਮਾਂ ਵਿਰੁੱਧ ਦਾਇਰ ਕੀਤੀ ਗਈ ਅਪੀਲ/ ਅਮੈਡਿਡ ਅਪੀਲ ਵਿੱਚ ਅਤੇ ਸੁਣਵਾਈ ਦੌਰਾਨ ਅਪੀਲਕਰਤਾ ਦੇ ਮੁਖਤਾਰੇਆਮ ਵੱਲੋਂ ਸੁਣਵਾਈ ਦੌਰਾਨ ਉਠਾਏ ਗਏ ਇਹ ਨੁਕਤੇ, ਕਿ ਅਲਾਟੀ ਵੱਲੋਂ ਪਲਾਟ ਦਾ ਕਬਜਾ ਦੇਣ ਲਈ ਲਿਖਤੀ ਰੂਪ ਵਿੱਚ ਮੰਗ ਕਰਨ ਦੇ ਬਾਵਜੂਦ ਭੌਤਿਕ ਪੋਜੈਸਨ ਨਾਂ ਦੇਣ ਕਰਕੇ ਅਤੇ ਮੌਕੇ ਤੇ ਬੁਨਿਆਦੀ ਸਹੂਲਤਾਂ ਆਦਿ ਦੀ ਘਾਟ ਹੋਣ ਕਰਕੇ ਕਿਸਤਾਂ ਦੀ ਅਦਾਇਗੀ ਵਿੱਚ ਦੇਰੀ ਦੇ ਸਮੇਂ ਲਈ ਵਿਆਜ ਪੈਨੈਲਟੀ ਆਦਿ ਚਾਰਜ ਨਹੀਂ ਕੀਤੀ ਜਾ ਸਕਦੀ, ਬਾਬਤ ਜਬਤੀ ਸਬੰਧੀ ਹੁਕਮਾਂ ਵਿੱਚ ਕੋਈ ਜਿਕਰ ਨਾਂ ਹੋਣ ਕਰਕੇ , ਮੈਂ ਇਹ ਉਚਿਤ ਸਮਝਦਾ ਹਾਂ, ਕਿ ਇਹਨਾਂ ਨੁਕਤਿਆਂ ਦਾ ਫੈਸਲਾ ਮਿਲਖ ਅਫਸਰ, ਗਮਾਡਾ, ਮੁਹਾਲੀ ਵੱਲੋਂ ਅਪੀਲਕਰਤਾ ਨੂੰ ਮਿੱਜੀ ਸੁਣਵਾਈ ਦਾ ਮੌਕਾ ਦੇ ਕੇ ਵੇਰਵੇ ਸਹਿਤ ਸਪੀਕਿੰਗ ਆਰਡਰ ਪਾਸ ਕਰਕੇ ਕਰਨਾਂ ਚਾਹੀਦਾ ਹੈ। ਇਹਨਾਂ ਮਿਲਖ ਅਫਸਰ ਵੱਲੋਂ ਇਸ ਪਲਾਟ ਦੀ ਜਬਤੀ ਸਬੰਧੀ ਪਾਸ ਕੀਤੇ ਗਏ ਹੁਕਮ ਮਿਤੀ 7/3/07 ਰੱਦ ਕਰਕੇ ਇਹ ਕੇਸ ਮਿਲਖ ਅਫਸਰ, ਗਮਾਡਾ, ਮੁਹਾਲੀ ਨੂੰ ਰਿਮਾਂਡ ਕਰਕੇ ਹਦਾਇਤ ਕੀਤੀ ਜਾਂਦੀ ਹੈ, ਕਿ ਇਹਨਾਂ ਹੁਕਮਾਂ ਦੀ ਸਾਰੀਤਾ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ ਅੰਦਰ ਅਪੀਲਕਰਤਾ ਨੂੰ ਨਿੱਜੀ ਸੁਣਵਾਈ ਦਾ ਮੌਕਾ ਦੇਣ ਉਪਰੰਤ ਇਸ ਕੇਸ ਦਾ ਨਿਪਟਾਰਾ ਵੇਰਵੇ ਸਹਿਤ ਸਪੀਕਿੰਗ ਆਰਡਰ ਪਾਸ ਕਰਕੇ ਕੀਤਾ ਜਾਵੇ।

ਸੁਣਾਇਆ ਗਿਆ।
ਮਿਤੀ: 2/4/2008

ਦਧੀਕ ਮੁੱਖ ਪ੍ਰਸਾਸ਼ਕ,
ਗਮਾਡਾ, ਮੁਹਾਲੀ

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ
ਪੁੱਡਾ ਭਵਨ, ਸੈਕਟਰ-62, ਮੋਹਾਲੀ ।

ਸਪੀਕਿੰਗ ਆਰਡਰ

ਪਲਾਟ ਨੰ: 2 ਸੈਕਟਰ 70 ਮੋਹਾਲੀ ਸ੍ਰੀ ਹਰਜੀਤ ਸਿੰਘ ਪੁੱਤਰ ਸ੍ਰੀ ਬਲਦੇਵ ਸਿੰਘ ਨੂੰ ਇਸ ਦਫਤਰ ਦੇ ਪੱਤਰ ਨੰ: 4325 ਮਿਤੀ 10-5-1994 ਨੂੰ 500 ਵਰਗ ਗਜ ਦਾ ਪਲਾਟ ਅਲਾਟ ਕੀਤਾ ਗਿਆ ਸੀ । ਅਲਾਟਮੈਂਟ ਪੱਤਰ ਦੀ ਸਰਤ ਨੰ: 4 ਅਨੁਸਾਰ 25% ਰਕਮ ਜਮਾਂ ਕਰਵਾਉਣ ਉਪਰੰਤ ਅਲਾਟਮੈਂਟ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਪੁਜੈਸ਼ਨ ਲੈਣਾ ਸੀ । ਜੇ ਪੁਜੈਸ਼ਨ ਨਾ ਲਿਆ ਜਾਵੇ ਤਾਂ ਪਲਾਟ ਕੈਂਸਲ ਸਮਝਿਆ ਜਾਣਾ ਹੈ ਪ੍ਰੰਤੂ ਅਲਾਟੀ ਵਲੋਂ ਅਲਾਟਮੈਂਟ ਸ਼ਰਤਾਂ ਅਨੁਸਾਰ ਪਲਾਟ ਦਾ ਪੁਜੈਸ਼ਨ ਨਹੀ ਲਿਆ ਗਿਆ ।

ਆਪ ਵਲੋਂ ਪੱਤਰ ਮਿਤੀ 8-8-96 ਰਾਹੀ ਪਲਾਟ ਦਾ ਪੁਜੈਸ਼ਨ ਲੈਣ ਲਈ ਬੇਨਤੀ ਕੀਤੀ ਗਈ ਸੀ । ਇਸ ਉਪਰੰਤ ਫੀਲਡ ਸਟਾਫ ਤੋ ਮੋਕੇ ਦੀ ਰਿਪੋਰਟ ਪ੍ਰਾਪਤ ਕੀਤੀ ਗਈ । ਫੀਲਡ ਸਟਾਫ ਦੀ ਰਿਪੋਰਟ ਅਨੁਸਾਰ ਪਲਾਟ ਨੰ: 2 ਸੈਕਟਰ 70 ਦਾ ਰਕਬਾ 502.32 ਵਰਗ ਗਜ ਹੈ । ਪਲਾਟ ਖਾਲੀ ਹੈ । ਪਿੰਡ ਦੀਆਂ ਲੈਟਰੀਨਾ 300 ਫੁੱਟ ਦੇ ਦੂਰੀ ਤੇ ਹਨ । ਇਸ ਤੋ ਬਾਅਦ ਆਪ ਵਲੋਂ ਪਲਾਟ ਨੰ: 2 ਸੈਕਟਰ 70 ਦੀ ਥਾਂ ਹੋਰ ਪਲਾਟ ਤਬਦੀਲ ਕਰਨ ਸਬੰਧੀ ਅਰਜੀ ਜੋ ਮੁੱਖ ਮੰਤਰੀ ਪੰਜਾਬ ਜੀ ਨੂੰ ਸਬੋਧਿਤ ਸੀ, ਇਸ ਦਫਤਰ ਨੂੰ ਪ੍ਰਾਪਤ ਹੋਈ । ਜਿਸ ਕਰਕੇ ਪਲਾਟ ਦਾ ਪੁਜੈਸ਼ਨ ਦੇਣ ਸਬੰਧੀ ਕਾਰਵਾਈ ਵਿਚ ਹੀ ਰਹੀ । ਪਲਾਟ ਨੰ: 2 ਸੈਕਟਰ 70 ਦੀ ਥਾਂ ਹੋਰ ਪਲਾਟ ਤਬਦੀਲ ਕਰਨ ਸਬੰਧੀ ਆਪ ਦਾ ਕੇਸ ਮੁੱਖ ਪ੍ਰਸਾਸਕ, ਪੁੱਡਾ ਜੀ ਦੀ ਪੱਧਰ ਤੇ ਵਿਚਾਰਿਆ ਗਿਆ ਅਤੇ ਕੇਸ ਮੁੱਖ ਪ੍ਰਸਾਸਕ, ਪੁੱਡਾ ਜੀ ਵਲੋਂ ਫਾਈਲ ਕਰਨ ਦੇ ਹੁਕਮ ਅਤੇ ਐਪਲੀਕੈਂਟ ਨੂੰ ਸੂਚਿਤ ਕਰਨ ਦੇ ਹੁੱਕਮ ਹੋਏ ਸਨ । ਇੰਨਾਂ ਹੁਕਮਾਂ ਅਨੁਸਾਰ ਆਪ ਨੂੰ ਪੱਤਰ ਨੰ: 16755 ਮਿਤੀ 17-7-2000 ਰਾਹੀਂ ਸੂਚਿਤ ਕੀਤਾ ਗਿਆ ਕਿ ਪਲਾਟ ਨੰ: 2 ਸੈਕਟਰ 70 ਮੋਹਾਲੀ ਕਿਸੇ ਹੋਰ ਥਾਂ ਤਬਦੀਲ ਕਰਨ ਲਈ ਪ੍ਰਾਪਤ ਪ੍ਰਤੀ ਬੇਨਤੀ ਵਿਚਾਰਨ ਉਪਰੰਤ ਇਸ ਪਲਾਟ ਦੀ ਤਬਦੀਲੀ ਨਹੀ ਕੀਤੀ ਜਾ ਸਕਦੀ । ਇਸ ਉਪਰੰਤ ਮੁੜ ਪੱਤਰ ਨੰ: 4966-67 ਮਿਤੀ 5-3-02 ਰਾਹੀਂ ਵੀ ਸੂਚਿਤ ਕੀਤਾ ਗਿਆ ਕਿ ਆਪ ਦਾ ਪੱਤਰ ਮਿਤੀ 1-2-02 ਵਿਚਾਰਨ ਉਪਰੰਤ ਫਾਈਲ ਕਰ ਦਿੱਤਾ ਗਿਆ । ਉਕਤ ਦਰਸ਼ਾਈ ਗਈ ਸਥਿਤੀ ਅਨੁਸਾਰ ਇਹ ਕੇਸ ਵਧੀਕ ਮੁੱਖ ਪ੍ਰਸਾਸਕ ਪੁੱਡਾ ਮੋਹਾਲੀ ਜੀ ਵਲੋਂ ਮੁੱਖ ਪ੍ਰਸਾਸਕ ਪੁੱਡਾ ਜੀ ਨੂੰ ਭੇਜਿਆ ਗਿਆ ਸੀ । ਜਿਸ ਅਨੁਸਾਰ ਪਲਾਟ ਨੰ: 2 ਸੈਕਟਰ 70 ਦੀ ਥਾਂ ਪਲਾਟ ਬਦਲ ਕੇ ਦੇਣ ਸਬੰਧੀ ਆਪ ਦੀ ਅਰਜੀ ਮੁੱਖ ਪ੍ਰਸਾਸਕ, ਪੁੱਡਾ ਜੀ ਵਲੋਂ ਮਿਤੀ 7-8-02 ਨੂੰ ਦਾਖਲ ਦਫਤਰ ਕਰਨ ਦੇ ਹੁਕਮ ਕੀਤੇ ਗਏ । ਉਕਤ ਦਰਸਾਈ ਗਈ ਸਥਿਤੀ ਅਨੁਸਾਰ ਪਲਾਟ ਦੀ ਤਬਦੀਲੀ ਸਬੰਧੀ ਮਿਸਲ ਕਾਰਵਾਈ ਅਧੀਨ ਚੱਲਦੀ ਰਹੀ । ਫੀਲਡ ਸਟਾਫ ਦੀ ਰਿਪੋਰਟ ਨਵੰਬਰ 2002 ਵਿਚ ਕੀਤੀ ਗਈ ਅਨੁਸਾਰ ਇਹ ਪਲਾਟ ਫਿਜੀਬਲ ਹੈ । ਪਲਾਟ ਦਾ ਰਕਬਾ 15 × 28 ਮੀਟਰ × 10.76/9 = 502.13 ਵਰਗ ਗਜ ਹੈ ।

ਅਲਾਟਮੈਂਟ ਪੱਤਰ ਵਿਚ ਦਰਸਾਏ ਕਿਸ਼ਤਾਂ ਦੇ ਸਡਿਊਲ ਅਨੁਸਾਰ ਆਪ ਪਲਾਟ ਦੀਆਂ ਕਿਸ਼ਤਾਂ ਦੀ ਅਦਾਇਗੀ ਕਰਨ ਵਿੱਚ ਅਸਫਲ ਰਹੇ । ਇਸ ਸਬੰਧ ਵਿਚ ਆਪ ਨੂੰ ਨੋਟਿਸਾਂ ਰਾਹੀ ਨਿਜੀ ਸੁਣਵਾਈ ਦੇ ਕਾਫੀ ਮੌਕੇ ਦਿਤੇ ਗਏ ਪ੍ਰੰਤੂ ਆਪ ਵਲੋਂ ਦਫਤਰ ਦੀ ਮੰਗ ਅਨੁਸਾਰ ਇਸ ਪਲਾਟ ਵਿਰੁੱਧ ਬਣਦੀ ਡਿਊ ਰਕਮ/ਉਸਾਰੀ ਫੀਸ ਜਮ੍ਹਾਂ ਨਹੀ ਕਰਵਾਈ ਗਈ । ਇਸ ਉਪਰੰਤ ਦਫਤਰ ਵਲੋਂ ਪੰਜਾਬ ਰਿਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ, 1995 ਦੀ ਧਾਰਾ-45 ਅਧੀਨ ਕਾਰਵਾਈ ਕਰਦੇ ਹੋਏ ਇਸ ਪਲਾਟ ਦੀ ਅਲਾਟਮੈਂਟ ਇਸ ਦਫਤਰ ਦੇ ਪੱਤਰ ਨੰ: 3662-63 ਮਿਤੀ 7-3-07 ਰਾਹੀ ਕੈਂਸਲ ਕਰ ਦਿੱਤੀ ਗਈ ।

ਇੰਨਾਂ ਹੁਕਮਾਂ ਵਿਰੁੱਧ ਆਪ ਦੇ ਜੀ.ਪੀ.ਏ. ਸ੍ਰੀ ਰਘਬੀਰ ਸਿੰਘ ਢਿਲੋਂ ਵਲੋਂ ਵਧੀਕ ਮੁੱਖ ਪ੍ਰਸਾਸਕ, ਪੁੱਡਾ/ਗਮਾਡਾ ਜੀ ਪਾਸ ਅਪੀਲ ਦਾਇਰ ਕੀਤੀ ਗਈ । ਵਧੀਕ ਮੁੱਖ ਪ੍ਰਸਾਸਕ, ਗਮਾਡਾ ਜੀ ਵਲੋਂ ਇਸ ਪਲਾਟ ਦੇ ਅਪੀਲ ਕੇਸ ਵਿੱਚ ਸੁਣਵਾਈ ਕਰਨ ਉਪਰੰਤ ਅਤੇ ਸਬੰਧਤ ਧਿਰਾਂ ਨੂੰ ਸੁਣਨ ਉਪਰੰਤ ਇਸ ਅਪੀਲ ਕੇਸ ਵਿਚ ਇਸ ਆਧਾਰ ਲਿਆ ਗਿਆ ਕਿ ਮਿਲਖ ਅਫਸਰ ਵਲੋਂ ਭਾਵੇਂ ਅਪੀਲ ਕਰਤਾ ਨੂੰ ਹਾਜਰ ਹੋਕੇ ਆਪਣੀ ਸਥਿਤੀ ਸਪਸ਼ਟ ਕਰਨ

ਦਾ ਮੌਕਾ ਦਿੱਤਾ ਗਿਆ ਪਰ ਅਪੀਲ ਕਰਤਾ ਦੇ ਹਾਜਰ ਨਾ ਹੋਣ ਕਾਰਨ ਇਕ ਤਰਫਾ ਕਾਰਵਾਈ ਕਰਦੇ ਹੋਏ ਇਸ ਪਲਾਟ ਦੀ ਅਲਾਟਮੈਂਟ ਜਬਤ ਕਰਨ ਸਬੰਧੀ ਹੁਕਮ ਪਾਸ ਕਰ ਦਿਤੇ ਗਏ । ਅਪੀਲ ਕੇਸ ਵਿਚ ਵਧੀਕ ਮੁੱਖ ਪ੍ਰਸਾਸ਼ਕ ਗਮਾਡਾ ਜੀ ਵਲੋਂ ਮਿਤੀ 2-4-08 ਨੂੰ ਕੀਤੇ ਗਏ ਫੈਸਲੇ ਵਿਚ ਇਸ ਦਫਤਰ ਵਲੋਂ ਪਲਾਟ ਦੀ ਅਲਾਟਮੈਂਟ ਕੈਂਸਲ ਕਰਨ ਦੇ ਕੀਤੇ ਗਏ ਹੁਕਮ ਮਿਤੀ 7-3-07 ਰੱਦ ਕਰਦੇ ਹੋਏ ਅਤੇ ਮਿਲਖ ਅਫਸਰ ਨੂੰ ਰਿਮਾਂਡ ਕਰਦੇ ਹੋਏ ਹਦਾਇਤ ਕੀਤੀ ਗਈ ਕਿ ਅਪੀਲ ਕਰਤਾ ਨੂੰ ਨਿਜੀ ਸੁਣਵਾਈ ਦਾ ਮੌਕਾ ਦੇਣ ਉਪਰੰਤ ਇਸ ਕੇਸ ਦਾ ਨਿਪਟਾਰਾ ਵੇਰਵੇ ਸਹਿਤ ਸਪੀਕਿੰਗ ਆਰਡਰ ਪਾਸ ਕੀਤੇ ਜਾਣ ।

ਉਕਤ ਅਨੁਸਾਰ ਵਧੀਕ ਮੁੱਖ ਪ੍ਰਸਾਸ਼ਕ ਗਮਾਡਾ ਮੋਹਾਲੀ ਜੀ ਵਲੋਂ ਮਿਤੀ 2-4-08 ਨੂੰ ਅਪੀਲ ਕੇਸ ਵਿਚ ਕੀਤੇ ਗਏ ਹੁਕਮਾਂ ਦੀ ਪਾਲਣਾ ਵਿਚ ਆਪ ਨੂੰ ਆਪਣੀ ਵਜ੍ਹਾ ਬਿਆਨ ਕਰਨ ਲਈ ਨਿਜੀ ਸੁਣਵਾਈ ਦੇ ਨੋਟਿਸ ਨੰ: 20059 ਮਿਤੀ 9-7-08 ਅਤੇ ਨੋਟਿਸ ਨੰ: 26594 ਮਿਤੀ 4-9-08 ਜਾਰੀ ਕੀਤੇ ਗਏ । ਇੰਨਾ ਨੋਟਿਸਾਂ ਦੇ ਸਬੰਧ ਵਿਚ ਬਿਨੈਕਾਰ ਸ੍ਰੀ ਰਘਬੀਰ ਸਿੰਘ ਢਿਲੋਂ ਜੀ.ਪੀ.ਏ. ਵਲੋਂ ਪੱਤਰ ਨੰ: 14755 ਮਿਤੀ 3-7-08 ਪ੍ਰਾਪਤ ਹੋਇਆ ਹੈ, ਇਸ ਪੱਤਰ ਰਾਹੀ ਆਪ ਵਲੋਂ ਪਲਾਟ ਦਾ ਪੁਜੈਸ਼ਨ ਦੇਣ ਦੀ ਮੰਗ ਕੀਤੀ ਗਈ ਹੈ ਅਤੇ ਫਿਰ ਪੱਤਰ ਮਿਤੀ 5-8-09 ਰਾਹੀਂ ਪਲਾਟ ਦਾ ਕਬਜਾ ਦੇਣ ਦੀ ਮੰਗ ਕੀਤੀ ਗਈ।

ਪ੍ਰੰਤੂ ਆਪ ਨੂੰ ਉਕਤ ਦਰਸਾਏ ਅਨੁਸਾਰ ਨਿੱਜੀ ਸੁਣਵਾਈ ਦੇ ਕਾਫੀ ਮੌਕੇ ਦੇਣ ਉਪਰੰਤ ਵੀ ਆਪ ਵੱਲੋਂ ਇਸ ਪਲਾਟ ਵਿਰੁੱਧ ਸਾਲ 2009 ਤੱਕ ਬਣਦੀ ਡਿਊ ਰਕਮ 13,20,827/- ਰੁਪਏ ਹਾਲੇ ਤੱਕ ਜਮ੍ਹਾਂ ਨਹੀਂ ਕਰਵਾਈ ਗਈ। ਜਿਸਤੋਂ ਤੱਕ ਇਸ ਪਲਾਟ ਦਾ ਕਬਜਾ ਦੇਣ ਦਾ ਸਬੰਧ ਹੈ, ਬਾਰੇ ਦੱਸਿਆ ਜਾਂਦਾ ਹੈ ਕਿ ਅਲਾਟਮੈਂਟ ਸਰਤਾਂ ਅਨੁਸਾਰ ਆਪ ਵੱਲੋਂ ਇਸ ਪਲਾਟ ਦਾ ਕਬਜਾ ਨਹੀਂ ਲਿਆ ਗਿਆ। ਪ੍ਰੰਤੂ ਪਲਾਟ ਦਾ ਕਬਜਾ ਅਲਾਟਮੈਂਟ ਦੀ ਮਿਤੀ ਤੋਂ ਆਪਦੇ ਪਾਸ ਹੀ ਹੈ।

ਉਕਤ ਦਰਸਾਈ ਗਈ ਸਥਿਤੀ ਦੇ ਮੱਦੇ ਨਜਰ ਅਤੇ ਮਾਨਯੋਗ ਵਧੀਕ ਮੁੱਖ ਪ੍ਰਸਾਸ਼ਕ(ਮ), ਗਮਾਡਾ, ਮੋਹਾਲੀ ਜੀ ਵੱਲੋਂ ਮਿਤੀ 2-4-2008 ਨੂੰ ਕੀਤੇ ਗਏ ਹੁੱਕਮਾਂ ਦੀ ਪਾਲਣਾਂ ਵਿੱਚ ਇਹ ਸਪੀਕਿੰਗ ਆਰਡਰ ਪਾਸ ਕਰਦਾ ਹਾਂ ਕਿ ਇਸ ਪਲਾਟ ਵਿਰੁੱਧ ਕਿਸਤਾਂ/ਲੇਟ ਜਮ੍ਹਾਂ ਕਿਸਤਾਂ ਦੀ ਪਨੈਲਿਟੀ ਵਜੋਂ 2,18,527/- ਰੁਪਏ ਪਲੱਸ ਸਾਲ 2009 ਤੱਕ ਦੀ ਨਾਨ ਯੂਸਾਰੀ ਫੀਸ ਵਜੋਂ 11,02,300/- ਰੁਪਏ ਸਮੇਤ ਕੁੱਲ ਡਿਊ ਬਣਦੀ ਰਕਮ 13,20,827/- ਰੁਪਏ ਇਹ ਸਪੀਕਿੰਗ ਹੁੱਕਮ ਜਾਰੀ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਬੈਂਕ ਡਰਾਫਟ ਰਾਹੀਂ ਜਮ੍ਹਾਂ ਕਰਵਾਈ ਜਾਵੇ ਅਤੇ ਇਸ ਪਲਾਟ ਦੀ ਕੈਨਵੇਂਸ ਡੀਡ ਕਰਵਾਉਣ ਉਪਰੰਤ ਇਸ ਪਲਾਟ ਦਾ ਨਕਸਾ ਇਸ ਦਫਤਰ ਤੋਂ ਪਾਸ ਕਰਵਾਇਆ ਜਾਵੇ। ਇਸ ਉਪਰੰਤ ਪਲਾਟ ਦੀ ਡਿਮਾਰਕੇਸ਼ਨ ਇਸ ਦਫਤਰ ਤੋਂ ਪ੍ਰਾਪਤ ਕਰਕੇ ਪਲਾਟ ਤੇ ਉਸਾਰੀ ਮੁਕੰਮਲ ਕੀਤੀ ਜਾਵੇ।

ਮਿਲਖ ਅਫਸਰ
ਗਮਾਡਾ, ਮੋਹਾਲੀ ।

ਪਿੱਠ ਅੰਕਣ ਨੰ: ਗਮਾਡਾ/ਮਿ:ਅ:/2010/ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸ਼੍ਰੀ ਰਘਬੀਰ ਸਿੰਘ ਢਿੱਲੋਂ , ਜੀ.ਪੀ.ਏ. ਆਫ ਸ਼੍ਰੀ ਹਰਜੀਤ ਸਿੰਘ, ਵਾਸੀ ਮਕਾਨ ਨੰਬਰ 204-ਏ, ਪੰਜਾਬੀ ਬਾਗ, ਪਟਿਆਲਾ।
2. ਵਧੀਕ ਮੁੱਖ ਪ੍ਰਸਾਸ਼ਕ(ਮ), ਗਮਾਡਾ, ਮੋਹਾਲੀ ਜੀ ਨੂੰ ਉਹਨਾਂ ਦੇ ਪੱਤਰ ਪਿੱਠ ਅੰਕਣ ਨੰਬਰ 714 ਮਿਤੀ 25-4-08 ਦੇ ਹਵਾਲੇ ਵਿੱਚ।

ਮਿਲਖ ਅਫਸਰ,
ਗਮਾਡਾ, ਮੋਹਾਲੀ।